# ਬੀ.ਸੀ. ਦੇ ਅਡੱਲਟ ਗਾਰਡੀਅਨਸ਼ਿਪ ਦੇ ਕਾਨੂੰਨ:

ਬ੍ਰਿਟਿਸ਼ ਕੋਲੰਬੀਆ ਵਿਚ ਬਾਲਗਾਂ ਲਈ ਸਵੈ-ਨਿਰਣੇ ਦੀ ਹਿਮਾਇਤ ਕਰਨਾ

PUBLIC GUARDIAN AND TRUSTEE OF BRITISH COLUMBIA

# ਇਲਾਜ ਲਈ ਸਹਿਮਤੀ

## ਬਾਲਗਾਂ, ਪਰਿਵਾਰਾਂ ਅਤੇ ਸਿਹਤ ਸੇਵਾਵਾਂ ਦੇਣ ਵਾਲਿਆਂ ਨੂੰ ਕਾਨੂੰਨ ਬਾਰੇ ਕੀ ਜਾਣਨ ਦੀ ਲੋੜ ਹੈ

ਇਹ ਕਿਤਾਬਚਾ ***ਹੈਲਥ ਕੇਅਰ (ਕੌਨਸੈਂਟ) ਅਤੇ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ*** - ਸਿਹਤ ਸੇਵਾਵਾਂ ਲਈ ਸਹਿਮਤੀ ਦੀਆਂ ਮੁੱਖ ਸ਼ਰਤਾਂ ਦਾ ਬਿਆਨ ਕਰਦਾ ਹੈ।

ਜੇ ਤੁਸੀਂ ਇਲਾਜ ਦੀ ਲੋੜ ਵਾਲੇ ਬਾਲਗ ਹੋ, ਪਰਿਵਾਰ ਦਾ ਕੋਈ ਮੈਂਬਰ ਹੋ ਜਾਂ ਸਿਹਤ ਸੇਵਾਵਾਂ ਦੇਣ ਵਾਲੇ ਹੋ ਤਾਂ ਬੀ ਸੀ ਦਾ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਐਡਮਿਸ਼ਨ) ਐਕਟ* ਤੁਹਾਡੇ 'ਤੇ ਅਸਰ ਪਾਵੇਗਾ।

ਇਹ ਬਾਲਗਾਂ (19 ਸਾਲ ਜਾਂ ਜ਼ਿਆਦਾ ਉਮਰ ਦੇ ਵਿਅਕਤੀਆਂ) ਦੇ ਆਪਣੇ ਇਲਾਜ ਨਾਲ ਸੰਬੰਧਿਤ ਆਪ ਫੈਸਲੇ ਕਰਨ ਦੇ ਹੱਕ ਦੀ ਪੁਸ਼ਟੀ ਕਰਦਾ ਹੈ, ਭਾਵੇਂ ਇਹ ਫੈਸਲੇ ਆਪ ਕੀਤੇ ਜਾਂਦੇ ਹਨ ਜਾਂ ਪਰਿਵਾਰ ਅਤੇ ਦੋਸਤਾਂ ਦੀ ਮਦਦ ਨਾਲ ਕੀਤੇ ਜਾਂਦੇ ਹਨ। ਇਹ ਕਾਨੂੰਨ ਪਰਿਵਾਰ ਅਤੇ ਦੋਸਤਾਂ ਦੇ ਰੋਲ ਨੂੰ ਮੰਨਦਾ ਹੈ ਜਿਹੜੇ ਸਿਹਤ ਸਬੰਧੀ ਫੈਸਲੇ ਕਰਨ ਵਿਚ ਮਦਦ ਦੀ ਲੋੜ ਵਾਲੇ ਬਾਲਗਾਂ ਦੀ ਸਹਾਇਤਾ ਕਰਦੇ ਹਨ।

> ਆਮ ਨਿਯਮ ਅਜੇ ਵੀ ਇਹ ਹੈ: **ਬਾਲਗਾਂ ਦਾ ਇਲਾਜ ਸਿਰਫ ਉਨ੍ਹਾਂ ਦੀ ਸਹਿਮਤੀ ਨਾਲ ਹੀ ਕੀਤਾ ਜਾ ਸਕਦਾ ਹੈ।**

ਪਰ ਜੇ ਕੋਈ ਬਾਲਗ ਬੇਹੋਸ਼ ਹੋਵੇ, ਦਿਮਾਗੀ ਤੌਰ 'ਤੇ ਸਮਰੱਥ ਨਾ ਹੋਵੇ ਜਾਂ ਕਿਸੇ ਹੋਰ ਕਾਰਨ ਕਰਕੇ ਸਹਿਮਤੀ ਦੇਣ ਦੇ ਯੋਗ ਨਾ ਹੋਵੇ ਤਾਂ ਕਾਨੂੰਨ ਅੱਗੇ ਲਿਖੀਆਂ ਕਾਰਵਾਈਆਂ ਤਹਿ ਕਰਦਾ ਹੈ।

## ਕਿਸੇ ਬਾਲਗ ਦੀ ਸਹਿਮਤੀ ਦੀ ਕਦੋਂ ਲੋੜ ਨਹੀਂ ਹੈ?

ਆਮ ਨਿਯਮਾਂ ਵਿਚ ਮੁੱਖ ਛੋਟਾਂ ਇਹ ਹਨ:

- ਜਦੋਂ ਫੌਰੀ ਜਾਂ ਐਮਰਜੰਸੀ ਇਲਾਜ ਦੀ ਲੋੜ ਹੁੰਦੀ ਹੈ ਅਤੇ ਬਾਲਗ ਸਹਿਮਤੀ ਦੇ ਕੇ ਫੈਸਲਾ ਕਰਨ ਦੇ ਸਮਰੱਥ ਨਹੀਂ ਹੁੰਦਾ
- ਜਦੋਂ ਮਰਜ਼ੀ ਲਏ ਬਿਨਾਂ ਮਾਨਸਿਕ ਰੋਗ ਦਾ ਇਲਾਜ ਕਰਨ ਦੀ ਲੋੜ ਹੁੰਦੀ ਹ
- ਮੁਢਲੀ ਪੜਤਾਲ ਲਈ ਜਿਵੇਂ ਕਿ ਟ੍ਰੀਆਜ ਜਾਂ ਅਸਿਸਮੈਂਟ, ਅਤੇ
- ਜਦੋਂ ਇਕ ਦੂਜੇ ਤੋਂ ਲੱਗਣ ਵਾਲੀਆਂ ਬੀਮਾਰੀਆਂ ਮੌਜੂਦ ਹੁੰਦੀਆਂ ਹਨ।

> ਐਕਟ ਅਧੀਨ ਆਉਂਦੇ ਇਲਾਜ ਕਰਨ ਵਾਲਿਆਂ ਵਿਚ, ਡਾਕਟਰ, ਦੰਦਾਂ ਦੇ ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟਸ, ਸਾਇਕੋਲੋਜਿਸਟਸ, ਆਕੂਪੇਸ਼ਨਲ ਥੈਰੇਪਿਸਟਸ, ਓਪਟੋਮੀਟਰਿਸਟਸ, ਕੈਰੋਪਰੈਕਟਰਜ਼ ਅਤੇ ਹੋਰ ਸ਼ਾਮਲ ਹਨ। ਪੂਰੀ ਲਿਸਟ ਲੈਣ ਲਈ ਹੈਲਥ ਕੇਅਰ ਕੌਨਸੈਂਟ ਰੈਗੂਲੇਸ਼ਨ ਦੇਖੋ।

## ਜੇ ਕੋਈ ਬਾਲਗ ਸਹਿਮਤੀ ਦੇਣ ਜਾਂ ਸਹਿਮਤੀ ਤੋਂ ਨਾਂਹ ਕਰਨ ਦੇ ਸਮਰੱਥ ਨਾ ਹੋਵੇ ਤਾਂ ਕੀ ਹੋਵੇਗਾ?

ਸਮੇਂ ਅਤੇ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਨਾਲ, ਬਹੁਤੇ ਬਾਲਗ ਆਪਣੇ ਫੈਸਲੇ ਆਪ ਕਰ ਸਕਦੇ ਹਨ। ਫੈਸਲੇ ਲਈ ਪਹਿਲਾਂ ਬਾਲਗ ਤੱਕ ਪਹੁੰਚ ਕੀਤੀ ਜਾਣੀ ਜ਼ਰੂਰੀ ਹੈ। ਜੇ ਇਲਾਜ ਕਰਨ ਵਾਲਾ ਇਹ ਵਿਸ਼ਵਾਸ ਕਰਦਾ ਹੈ ਕਿ ਬਾਲਗ ਫੈਸਲਾ ਕਰਨ ਦੇ ਸਮਰੱਥ ਹੈ ਤਾਂ ਉਸ ਨੂੰ ਸਹਿਮਤੀ ਦੇਣ, ਨਾਂਹ ਕਰਨ ਜਾਂ ਸਹਿਮਤੀ ਵਾਪਸ ਲੈਣ ਦਾ ਹੱਕ ਹੈ।

ਇਹ ਫੈਸਲਾ ਕਰਨ ਵੇਲੇ ਕਿ ਕੀ ਕੋਈ ਬਾਲਗ ਇਲਾਜ ਦਾ ਫੈਸਲਾ ਕਰਨ ਦੇ ਅਸਮਰੱਥ ਹੈ, ਇਲਾਜ ਕਰਨ ਵਾਲੇ ਨੂੰ ਇਹ ਪਤਾ ਜ਼ਰੂਰ ਲਾਉਣਾ ਪਵੇਗਾ ਕਿ ਇਲਾਜ ਬਾਰੇ ਜਿਹੜੀ ਜਾਣਕਾਰੀ ਉਸ ਨੇ ਬਾਲਗ ਨੂੰ ਦਿੱਤੀ ਹੈ ਕੀ ਬਾਲਗ ਉਸ ਨੂੰ ਸਮਝਦਾ ਹੈ ਅਤੇ ਕੀ ਇਹ ਜਾਣਕਾਰੀ ਬਾਲਗ ਦੀ ਹਾਲਤ 'ਤੇ ਲਾਗੂ ਹੁੰਦੀ ਹੈ। ਜੇ ਕੋਈ ਵਿਅਕਤੀ ਫੈਸਲਾ ਕਰਨ ਦੇ ਅਸਮਰੱਥ ਹੁੰਦਾ ਹੈ ਤਾਂ ਬਾਲਗ ਦੀ ਤਰਫੋਂ ਕੋਈ ਹੋਰ ਫੈਸਲਾ ਕਰਦਾ ਹੈ।

### ਜੇ ਕੋਈ ਬਾਲਗ ਆਪਣਾ ਫੈਸਲਾ ਆਪ ਕਰਨ ਦੇ ਅਸਮਰੱਥ ਹੋਵੇ ਤਾਂ ਉਸ ਬਾਲਗ ਲਈ ਇਲਾਜ ਦੇ ਫੈਸਲੇ ਕੌਣ ਕਰ ਸਕਦਾ ਹੈ?

ਐਕਟ ਫੈਸਲੇ ਕਰਨ ਵਾਲਿਆਂ ਦੀ ਤਰਤੀਬਵਾਰ ਲਿਸਟ ਦੱਸਦਾ ਹੈ:

**ਵਿਅਕਤੀ ਲਈ ਅਦਾਲਤ ਵਲੋਂ ਨਿਯੁਕਤ ਕੀਤੀ ਗਈ ਕਮੇਟੀ:** *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ ਅਦਾਲਤ ਵੀ ਅਜਿਹੇ ਬਾਲਗ ਲਈ ਕਮੇਟੀ ਨਿਯੁਕਤ ਕਰ ਸਕਦੀ ਹੈ ਜਿਹੜਾ ਇਲਾਜ ਦੇ ਆਪਣੇ ਫੈਸਲੇ ਕਰਨ ਦੇ ਅਸਮਰੱਥ ਹੁੰਦਾ ਹੈ।

**ਪ੍ਰਤੀਨਿਧ:** ਬਾਲਗ ਨੇ, ਅਜਿਹਾ ਕਰਨ ਦੇ ਸਮਰੱਥ ਹੋਣ ਵੇਲੇ, ਆਪਣੇ ਭਵਿੱਖ ਲਈ ਵਿਉਂਤ ਬਣਾਈ ਹੋ ਸਕਦੀ ਹੈ ਅਤੇ ਅਜਿਹਾ ਆਪਣੇ ਫੈਸਲੇ ਆਪ ਕਰਨ ਦੇ ਅਸਮਰੱਥ ਹੋਣ ਦੀ ਸੂਰਤ ਵਿਚ ਆਪਣੇ ਵਲੋਂ ਇਲਾਜ ਦੇ ਫੈਸਲੇ ਕਰਨ ਲਈ ਰੈਪਰੇਜ਼ਿਨਟੇਸ਼ਨ ਐਗਰੀਮੈਂਟ (ਪ੍ਰਤੀਨਿਧਤਾ ਦਾ ਇਕਰਾਰਨਾਮਾ) ਬਣਾ ਕੇ ਕਿਸੇ ਨੂੰ ਪ੍ਰਤੀਨਿਧ ਬਣਾਇਆ ਹੋ ਸਕਦਾ ਹੈ। ਜੇ ਕਿਸੇ ਵਿਅਕਤੀ ਦੀ ਕਮੇਟੀ ਨਾ ਹੋਵੇ ਤਾਂ ਇਹ ਪ੍ਰਤੀਨਿਧ ਇਲਾਜ ਦੇ ਫੈਸਲੇ ਕਰਨ ਦੇ ਸਮਰੱਥ ਹੋ ਸਕਦਾ ਹੈ।

**ਆਰਜ਼ੀ ਤੌਰ 'ਤੇ ਫੈਸਲਾ ਕਰਨ ਵਾਲਾ ਬਦਲਵਾਂ ਵਿਅਕਤੀ:** ਜੇ ਕੋਈ ਪ੍ਰਤੀਨਿਧ ਜਾਂ ਅਦਾਲਤ ਵਲੋਂ ਨਿਯੁਕਤ ਕੀਤੇ ਕਿਸੇ ਵਿਅਕਤੀ ਦੀ ਕਮੇਟੀ ਨਹੀਂ ਹੈ ਤਾਂ ਇਲਾਜ ਕਰਨ ਵਾਲੇ ਨੂੰ ਨੇੜੇ ਦੇ ਕਿਸੇ ਰਿਸ਼ਤੇਦਾਰ ਦੀ ਚੋਣ ਕਰਨੀ ਪਵੇਗੀ ਜਿਸ ਵਿਚ ਬਾਲਗ ਦੀ ਪਤਨੀ/ਪਤੀ, ਬਾਲਗ ਬੱਚਾ, ਮਾਪਾ, ਭੈਣ/ਭਰਾ ਜਾਂ ਕੋਈ ਅਜਿਹਾ ਰਿਸ਼ਤੇਦਾਰ ਸ਼ਾਮਲ ਹੈ ਜਿਹੜਾ ਇਲਾਜ ਦਾ ਫੈਸਲਾ ਕਰਨ ਦਾ ਹੱਕਦਾਰ ਹੈ।

### ਐਕਟ ਇਹ ਮੰਗ ਕਰਦਾ ਹੈ ਕਿ ਫੈਸਲੇ ਕਰਨ ਦਾ ਹੱਕਦਾਰ ਹੋਣ ਲਈ ਨੇੜੇ ਦਾ ਰਿਸ਼ਤੇਦਾਰ ਕੁਝ ਖਾਸ ਸ਼ਰਤਾਂ ਪੂਰੀਆਂ ਕਰਦਾ ਹੋਵੇ। ਐਕਟ ਅਨੁਸਾਰ ਪਰਿਵਾਰ ਦਾ ਮੈਂਬਰ ਜ਼ਰੂਰ:

- ਘੱਟੋ ਘੱਟ 19 ਸਾਲ ਦਾ ਹੋਣਾ ਚਾਹੀਦਾ ਹੈ
- ਪਿਛਲੇ 12 ਮਹੀਨਿਆਂ ਵਿਚ ਬਾਲਗ ਦੇ ਸੰਪਰਕ ਵਿਚ ਰਿਹਾ ਹੋਣਾ ਚਾਹੀਦਾ ਹੈ
- ਬਾਲਗ ਨਾਲ ਉਸ ਦਾ ਕੋਈ ਝਗੜਾ ਨਹੀਂ ਚੱਲ ਰਿਹਾ ਹੋਣਾ ਚਾਹੀਦਾ
- ਸਮਰੱਥ ਹੋਣਾ ਚਾਹੀਦਾ ਹੈ, ਅਤੇ
- ਆਰਜ਼ੀ ਤੌਰ 'ਤੇ ਬਦਲਵਾਂ ਫੈਸਲਾ ਕਰਨ ਵਾਲੇ ਦੇ ਫਰਜ਼ਾਂ ਨੂੰ ਪੂਰਾ ਕਰਨ ਦਾ ਖਾਹਸ਼ਮੰਦ ਹੋਣਾ ਚਾਹੀਦਾ ਹੈ।

### ਜੇ ਫੈਸਲਾ ਕਰਨ ਵਾਲਾ ਕੋਈ ਨਾ ਹੋਵੇ ਜਾਂ ਤਰਤੀਬਵਾਰ ਫੈਸਲਾ ਕਰਨ ਵਾਲਿਆਂ ਵਿਚਕਾਰ ਝਗੜਾ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਫੈਸਲਾ ਕਰਨ ਵਾਲਿਆਂ ਦੀ ਤਰਤੀਬਵਾਰ ਲਿਸਟ ਵਿਚੋਂ ਕੋਈ ਮੌਜੂਦ ਨਾ ਹੋਵੇ ਜਾਂ ਹੱਕਦਾਰ ਨਾ ਹੋਵੇ, ਜਾਂ ਬਦਲਵੇਂ ਫੈਸਲੇ ਕਰਨ ਵਾਲੇ ਦੋ ਬਰਾਬਰ ਦੇ ਵਿਅਕਤੀਆਂ ਵਿਚਕਾਰ ਇਸ ਗੱਲ ਦਾ ਝਗੜਾ ਹੋਵੇ ਕਿ ਕਿਸ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ ਜਿਸ ਦਾ ਹੱਲ ਇਲਾਜ ਕਰਨ ਵਾਲਾ ਨਾ ਕਰ ਸਕਦਾ ਹੋਵੇ ਤਾਂ ਇਲਾਜ ਕਰਨ ਵਾਲੇ ਨੂੰ *ਪਬਲਿਕ ਗਾਰਡੀਅਨ ਐਂਡ ਟਰੱਸਟੀ ਵਿਖੇ ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ* ਨਾਲ ਸੰਪਰਕ ਜ਼ਰੂਰ ਕਰਨਾ ਪਵੇਗਾ। ਉਹ ਦਫਤਰ ਫੈਸਲੇ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਹੱਕ ਦੇ ਸਕਦਾ ਹੈ ਜਿਵੇਂ ਕਿ ਕਿਸੇ ਦੋਸਤ ਨੂੰ। ਜੇ ਅਜਿਹਾ ਕੋਈ ਵਿਅਕਤੀ ਮੌਜੂਦ ਨਹੀਂ ਹੈ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਇਲਾਜ ਦੇ ਫੈਸਲੇ ਕਰਨਗੇ।

### ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ ਦਾ ਕੀ ਰੋਲ ਹੈ?

ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ ਦੇ ਦੋ ਰੋਲ ਹਨ:

- ਜਨਮ ਜਾਂ ਗੋਦ ਅਡਾਪਸ਼ਨ ਕਾਰਨ ਰਿਸ਼ਤੇਦਾਰਾਂ ਦੀ ਥਾਂ 'ਤੇ ਹੋਰ ਵਿਅਕਤੀਆਂ ਨੂੰ ਹੱਕ ਦੇਣਾ, ਜਿਵੇਂ ਕਿ ਵਿਆਹ ਕਾਰਨ ਬਣਿਆ ਕੋਈ ਰਿਸ਼ਤੇਦਾਰ ਜਾਂ ਬਾਲਗ ਦਾ ਕੋਈ ਦੋਸਤ, ਜਿਹੜਾ ਆਰਜ਼ੀ ਤੌਰ 'ਤੇ ਫੈਸਲਾ ਕਰਨ ਵਾਲੇ ਦੇ ਤੌਰ 'ਤੇ ਇਲਾਜ ਦਾ ਫੈਸਲਾ ਕਰਨ ਦਾ ਖਾਹਸ਼ਮੰਦ ਹੈ, ਜਾਂ
- ਇਲਾਜ ਦਾ ਉਦੋਂ ਫੈਸਲੇ ਕਰਨਾ ਜਦੋਂ ਕੋਈ ਹੋਰ ਢੁਕਵਾਂ ਵਿਅਕਤੀ ਮੌਜੂਦ ਨਾ ਹੋਵੇ ਜਿਹੜਾ ਇਲਾਜ ਦੇ ਫੈਸਲੇ ਕਰਨ ਦਾ ਖਾਹਸ਼ਮੰਦ ਹੋਵੇ।

ਇਲਾਜ ਕਰਨ ਵਾਲੇ ਵਲੋਂ ਸੰਪਰਕ ਕੀਤੇ ਜਾਣ 'ਤੇ ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ (ਇਲਾਜ ਸਬੰਧੀ ਫੈਸਲੇ ਕਰਨ ਬਾਰੇ ਸਲਾਹਕਾਰ) ਇਹ ਪੁਸ਼ਟੀ ਕਰੇਗਾ ਕਿ ਇਲਾਜ ਕਰਨ ਵਾਲੇ ਦੀ ਰਾਇ ਮੁਤਾਬਕ, ਬਾਲਗ ਆਪਣੇ ਇਲਾਜ ਦਾ ਫੈਸਲਾ ਕਰਨ ਦੇ ਸਮਰੱਥ ਨਹੀਂ ਹੈ ਅਤੇ ਉਹ ਆਰਜ਼ੀ ਤੌਰ 'ਤੇ ਫੈਸਲਾ ਕਰਨ ਵਾਲਾ ਲੱਭਣ ਵਿਚ ਇਲਾਜ ਕਰਨ ਵਾਲੇ ਦੀਆਂ ਕੋਸ਼ਿਸ਼ਾਂ ਵਿਚ ਮਦਦ ਕਰੇਗਾ। ਕਨਸਲਟੈਂਟ ਵਲੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਅਧਿਕਾਰ-ਖੇਤਰ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ, ਕਨਸਲਟੈਂਟ ਕੋਈ ਵੀ ਅਜਿਹੀ ਜਾਣਕਾਰੀ ਇਕੱਠੀ ਕਰੇਗਾ ਜਿਹੜੀ ਇਲਾਜ ਕਰਨ ਵਾਲੇ ਕੋਲ ਆਰਜ਼ੀ ਤੌਰ 'ਤੇ ਫੈਸਲੇ ਕਰਨ ਵਾਲੇ ਕਿਸੇ ਸੰਭਾਵੀ ਵਿਅਕਤੀ ਦੀ ਹੈ, ਜਿਸ ਨੂੰ ਪਬਲਿਕ ਗਾਰਡੀਅਨ ਐਂਡ

ਟਰੱਸਟੀ ਲਈ ਨਿਯੁਕਤ ਕੀਤਾ ਜਾ ਸਕਦਾ ਹੋਵੇ ਅਤੇ ਉਹ ਬਾਲਗ ਬਾਰੇ, ਬਾਲਗ ਦੀਆਂ ਇਲਾਜ ਦੀਆਂ ਲੋੜਾਂ ਬਾਰੇ ਅਤੇ ਤਜਵੀਜ਼ਸ਼ੁਦਾ ਇਲਾਜ ਬਾਰੇ ਵੀ ਜਾਣਕਾਰੀ ਇਕੱਠੀ ਕਰੇਗਾ। ਜੇ ਸੰਭਵ ਹੋਵੇ ਤਾਂ ਕਨਸਲਟੈਂਟ ਇਨ੍ਹਾਂ ਚੀਜ਼ਾਂ ਬਾਰੇ ਬਾਲਗ ਨਾਲ ਵੀ ਗੱਲਬਾਤ ਕਰੇਗਾ, ਅਤੇ ਬਾਲਗ ਦੀਆਂ ਉਨ੍ਹਾਂ ਹਿਦਾਇਤਾਂ ਜਾਂ ਇੱਛਾਵਾਂ ਬਾਰੇ ਵੀ ਜਾਣਕਾਰੀ ਇਕੱਠੀ ਕਰੇਗਾ ਜਿਹੜੀ ਬਾਲਗ ਵਲੋਂ ਸਮਰੱਥ ਹੋਣ ਵੇਲੇ ਪ੍ਰਗਟ ਕੀਤੀਆਂ ਗਈਆਂ ਸਨ ਅਤੇ ਉਸ ਦੀਆਂ ਜਾਣੀਆਂ ਜਾਂਦੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸ ਕੀ ਹਨ।

## ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ ਦੂਜਿਆਂ ਨੂੰ ਫੈਸਲੇ ਕਰਨ ਦਾ ਹੱਕ ਕਿਵੇਂ ਦੇਵੇਗਾ?

ਜਦੋਂ ਹੈਲਥ ਕੇਅਰ ਡਸੀਜ਼ਨਜ਼ ਕਨਸਲਟੈਂਟ ਕਿਸੇ ਵਿਅਕਤੀ ਦੀ ਪਛਾਣ ਕਰਦਾ ਹੈ, ਜਿਵੇਂ ਕਿ ਕੋਈ ਦੋਸਤ ਜਾਂ ਵਿਆਹ ਦੇ ਰਿਸ਼ਤੇ ਵਿਚੋਂ ਕੋਈ ਰਿਸ਼ਤੇਦਾਰ ਜੋ ਕਿ ਯੋਗ ਹੈ, ਢੁਕਵਾਂ ਹੈ ਅਤੇ ਬਾਲਗ ਲਈ ਫੈਸਲੇ ਕਰਨ ਦਾ ਖਾਹਸ਼ਮੰਦ ਹੈ ਤਾਂ ਕਨਸਲਟੈਂਟ ਉਸ ਵਿਅਕਤੀ ਨੂੰ ਆਰਜ਼ੀ ਫੈਸਲੇ ਕਰਨ ਵਾਲੇ ਦੇ ਤੌਰ 'ਤੇ ਨਿਯੁਕਤ ਕਰੇਗਾ। ਕਨਸਲਟੈਂਟ ਉਸ ਵਿਅਕਤੀ ਨੂੰ ਉਸ ਦੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਦੇਵੇਗਾ ਅਤੇ ਬਾਲਗ ਦੇ ਇਲਾਜ ਦੀਆਂ ਲੋੜਾਂ ਬਾਰੇ ਇਲਾਜ ਕਰਨ ਵਾਲੇ ਤੋਂ ਅਤੇ ਹੋਰ ਵਸੀਲਿਆਂ ਤੋਂ ਇਕੱਠੀ ਕੀਤੀ ਜਾਣਕਾਰੀ ਵੀ ਉਸ ਨੂੰ ਦੇਵੇਗਾ। ਉਸ ਵਿਅਕਤੀ ਨੂੰ ਇਕ ਚਿੱਠੀ ਦਿੱਤੀ ਜਾਵੇਗੀ ਜਿਹੜੀ ਉਸ ਦੇ ਰੋਲ ਦੀ ਪੁਸ਼ਟੀ ਕਰੇਗੀ ਅਤੇ ਇਹ ਚਿੱਠੀ ਇਲਾਜ ਕਰਨ ਵਾਲੇ ਨੂੰ ਦਿਖਾਈ ਜਾ ਸਕਦੀ ਹੈ।

## ਬਦਲਵੇਂ ਫੈਸਲੇ ਕਰਨ ਵਾਲਾ ਇਲਾਜ ਦੇ ਇਹ ਫੈਸਲੇ ਕਿਵੇਂ ਕਰਦਾ ਹੈ?

ਬਾਲਗ ਦੀ ਤਰਫੋਂ ਇਲਾਜ ਲਈ ਸਹਿਮਤੀ ਦੇਣ ਜਾਂ ਇਲਾਜ ਤੋਂ ਨਾਂਹ ਕਰਨ ਦੇ ਫੈਸਲੇ, ਆਰਜ਼ੀ ਫੈਸਲੇ ਕਰਨ ਵਾਲੇ ਸਾਰੇ ਵਿਅਕਤੀਆਂ ਦੇ ਫਰਜ਼ਾਂ ਮੁਤਾਬਕ ਕੀਤੇ ਜਾਣਗੇ:

1. ਬਾਲਗ ਵਲੋਂ ਸਮਰੱਥ ਹੋਣ ਵੇਲੇ ਦਿੱਤੀਆਂ ਗਈਆਂ ਅਤੇ ਜਾਣੀਆਂ ਜਾਂਦੀਆਂ ਹਿਦਾਇਤਾਂ ਜਾਂ ਇੱਛਾਂਵਾਂ ਦੀ ਪਾਲਣਾ ਕੀਤੀ ਜਾਵੇਗੀ;
2. ਜੇ ਸਮਰੱਥ ਹੋਣ ਵੇਲੇ ਦੀਆਂ ਹਿਦਾਇਤਾਂ ਜਾਂ ਇੱਛਾਂਵਾਂ ਦਾ ਪਤਾ ਨਹੀਂ ਹੈ ਤਾਂ ਫੈਸਲਾ ਬਾਲਗ ਦੀਆਂ ਜਾਣੀਆਂ ਜਾਂਦੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦੇ ਮੁਤਾਬਕ ਕੀਤਾ ਜਾਵੇਗਾ;
3. ਜੇ ਅਜਿਹੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦਾ ਪਤਾ ਨਹੀਂ ਹੈ ਤਾਂ ਫੈਸਲਾ ਬਾਲਗ ਦੇ ਬਿਹਤਰ ਹਿੱਤਾਂ ਲਈ ਕੀਤਾ ਜਾਵੇਗਾ।

ਬਾਲਗ ਦੇ ਬਿਹਤਰ ਹਿੱਤਾਂ ਵਿਚ ਫੈਸਲੇ ਕਰਨ ਵੇਲੇ, ਫੈਸਲਾ ਕਰਨ ਵਾਲੇ ਨੂੰ ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ:

- ਬਾਲਗ ਦੀਆਂ ਮੌਜੂਦਾ ਇੱਛਾਂਵਾਂ
- ਤਜਵੀਜ਼ਸ਼ੁਦਾ ਇਲਾਜ ਕਰਵਾਉਣ ਜਾਂ ਨਾ ਕਰਵਾਉਣ ਦੇ ਸੰਭਵ ਅਸਰ
- ਅਨੁਮਾਨ ਲੱਗੇ ਫਾਇਦਿਆਂ ਦੀ ਨੁਕਸਾਨ ਦੇ ਖਤਰੇ ਨਾਲ ਤੁਲਨਾ ਅਤੇ
- ਕੀ ਕੋਈ ਘੱਟ ਬੰਦਸ਼ੀ ਜਾਂ ਘੱਟ ਮੁਦਾਖਲਤ ਕਰਨ ਵਾਲੇ ਬਦਲ ਹਨ ਜੋ ਕਿ ਇੰਨੇ ਹੀ ਫਾਇਦੇਮੰਦ ਹੋ ਸਕਦੇ ਹਨ।

## ਬਦਲਵੇਂ ਫੈਸਲੇ ਬਾਰੇ ਕਿਵੇਂ ਦੱਸਿਆ ਜਾਵੇਗਾ?

ਜਦੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਆਰਜ਼ੀ ਤੌਰ 'ਤੇ ਬਦਲਵੇਂ ਫੈਸਲੇ ਕਰਨ ਵਾਲੇ ਕਿਸੇ ਵਿਅਕਤੀ ਨੂੰ ਹੱਕ ਦੇਣ ਦਾ ਫੈਸਲਾ ਕਰਦਾ ਹੈ ਜਾਂ ਬਾਲਗ ਦੀ ਤਰਫੋਂ ਇਲਾਜ ਦਾ ਫੈਸਲਾ ਕਰਦਾ ਹੈ ਤਾਂ ਪੀ ਜੀ ਟੀ ਦਾ ਸਟਾਫ ਇਲਾਜ ਕਰਨ ਵਾਲੇ ਨੂੰ ਜ਼ਬਾਨੀ ਇਸ ਬਾਰੇ ਦੱਸੇਗਾ ਅਤੇ ਫਿਰ ਇਸ ਫੈਸਲੇ ਦੀ ਲਿਖਤੀ ਰੂਪ ਵਿਚ ਪੁਸ਼ਟੀ ਕਰੇਗਾ।

## ਫੈਸਲਾ ਕਰਨ ਨੂੰ ਕਿੰਨਾ ਸਮਾਂ ਲੱਗੇਗਾ?

ਪੀ ਜੀ ਟੀ ਵਲੋਂ ਇਲਾਜ ਦੇ ਫੈਸਲਿਆਂ ਦੀ ਸਰਵਿਸ ਦਾ ਮਿਆਰ ਇਹ ਹੈ ਕਿ ਇਲਾਜ ਦੇ ਛੋਟੇ ਫੈਸਲੇ, ਫੈਸਲਾ ਕਰਨ ਲਈ ਚਾਹੀਦੀ ਸਾਰੀ ਜਾਣਕਾਰੀ ਮਿਲ ਜਾਣ ਤੋਂ ਬਾਅਦ 24 ਘੰਟਿਆਂ ਦੇ ਵਿਚ ਵਿਚ ਕੀਤੇ ਜਾਣਗੇ। ਇਲਾਜ ਦੇ ਵੱਡੇ ਫੈਸਲੇ, 3 ਦਿਨਾਂ ਦੇ ਵਿਚ ਵਿਚ ਕੀਤੇ ਜਾਣਗੇ ਅਤੇ ਬਾਲਗ ਦੇ ਇਲਾਜ ਦੀ ਜਟਿਲਤਾ ਅਤੇ ਫੌਰੀ ਲੋੜ 'ਤੇ ਵਿਚਾਰ ਕੀਤੀ ਜਾਵੇਗੀ ਅਤੇ ਇਹ ਫੈਸਲਾ ਇਲਾਜ ਕਰਨ ਵਾਲੇ ਤੋਂ ਸਾਰੀ ਢੁਕਵੀਂ ਜਾਣਕਾਰੀ ਮਿਲ ਜਾਣ ਤੋਂ ਬਾਅਦ ਕੀਤਾ ਜਾਵੇਗਾ।

## ਬਦਲਵੇਂ ਤੌਰ ’ਤੇ ਫੈਸਲਾ ਕਰਨ ਵਾਲੇ ਨਾਲ ਜੇ ਕੋਈ ਅਸਹਿਮਤ ਹੋਵੇ ਤਾਂ ਕੀ ਹੋਵੇਗਾ?

ਹੈਲਥ ਕੇਅਰ ਐਂਡ ਕੇਅਰ ਫਾਸਿਲਟੀ ਰਿਵੀਊ ਬੋਰਡ ਦਾ ਕੰਮ ਹੁਣ ਬੰਦ ਹੈ।

ਝਗੜਿਆਂ ਦੇ ਹੱਲ ਦੀ ਕਾਰਵਾਈ ਹੈਲਥ ਅਥਾਰਟੀਆਂ ਵਲੋਂ ਤਿਆਰ ਕੀਤੀ ਜਾ ਰਹੀ ਹੈ। ਜੇ ਬਦਲਵੇਂ ਤੌਰ ’ਤੇ ਫੈਸਲਾ ਕਰਨ ਵਾਲੇ ਵਿਅਕਤੀ ਦੇ ਕਿਸੇ ਫੈਸਲੇ ਨਾਲ ਤੁਸੀਂ ਸਹਿਮਤ ਨਹੀਂ ਹੋ ਤਾਂ ਆਪਣੀ ਹੈਲਥ ਅਥਾਰਟੀ ਵਿਚ ਝਗੜੇ ਦੇ ਹੱਲ ਦੀ ਕਾਰਵਾਈ ਕਰਨ ਲਈ ਆਪਣੇ ਇਲਾਕੇ ਦੀ ਹੈਲਥ ਅਥਾਰਟੀ ਦੇ ਰਿਸਕ ਮੈਨੇਜਰ ਨਾਲ ਸੰਪਰਕ ਕਰੋ।

ਫਰੇਜ਼ਰ - www.fraserhealth.ca
ਇਨਟੀਰੀਅਰ - www.interiorhealth.ca
ਨੌਰਦਰਨ - www.northernhealth.ca
ਵੈਨਕੂਵਰ ਕੋਸਟਲ - www.vch.ca
ਵੈਨਕੂਵਰ ਆਈਲੈਂਡ - www.viha.ca

ਜੇ ਇਸ ਨਾਲ ਝਗੜੇ ਦਾ ਹੱਲ ਨਾ ਹੋਵੇ ਤਾਂ ਤੁਸੀਂ ਕਾਨੂੰਨੀ ਸਲਾਹ ਲੈ ਸਕਦੇ ਹੋ।

## ਕੀ ਇਲਾਜ ’ਤੇ ਕੋਈ ਪਾਬੰਦੀਆਂ ਵੀ ਹਨ?

ਇਲਾਜ ਦੀਆਂ ਕੁਝ ਖਾਸ ਕਿਸਮਾਂ ਬਾਰੇ ਕਾਨੂੰਨ (ਸੈਕਸ਼ਨ 5) ਆਰਜ਼ੀ ਤੌਰ ’ਤੇ ਬਦਲਵੇਂ ਫੈਸਲੇ ਕਰਨ ਵਾਲੇ ਨੂੰ ਸਹਿਮਤੀ ਦੇਣ ਦੀ ਆਗਿਆ ਨਹੀਂ ਦਿੰਦਾ। ਜ਼ਿਆਦਾ ਜਾਣਕਾਰੀ ਲਈ ਹੈਲਥ ਕੇਅਰ ਕੌਨਸੈਂਟ ਰੈਗੂਲੇਸ਼ਨ ਦੇਖੋ (ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਵੈੱਬਸਾਈਟ ’ਤੇ ਐਕਟ ਅਤੇ ਰੈਗੂਲੇਸ਼ਨ ਨਾਲ ਇਕ ਲਿੰਕ)।

ਇਹ ਐਕਟ ਖਾਸ ਫੈਸਲਿਆਂ ’ਤੇ ਲਾਗੂ ਨਹੀਂ ਹੁੰਦਾ ਜਿਵੇਂ ਕਿ *ਮੈਂਟਲ ਹੈਲਥ ਐਕਟ* ਅਧੀਨ ਅਣਇੱਛਤ (ਇਨਵਾਲੰਟੀਅਰੀ) ਮਰੀਜ਼ਾਂ ਦੇ ਮਨੋਰੋਗਾਂ ਦੇ ਇਲਾਜ ਨਾਲ ਸੰਬੰਧਿਤ ਫੈਸਲੇ ਜਾਂ ਗੈਰ-ਉਪਚਾਰਕ ਸਟੇਰੀਲਾਇਜ਼ੇਸ਼ਨ।

ਜ਼ਿਆਦਾ ਜਾਣਕਾਰੀ ਲਈ, ਆਪਣੇ ਨੇੜੇ ਦੇ ਦਫਤਰ ਨੂੰ ਲਿਖੋ, ਫੋਨ ਕਰੋ, ਜਾਂ ਫੈਕਸ ਕਰੋ:

**ਗਰੇਟਰ ਵੈਨਕੂਵਰ ਦਾ ਇਲਾਕਾ**
700-808 West Hastings Street
Vancouver, BC V6C 3L3
ਟੈਲੀਫੋਨ: (604) 775-1007
ਫੈਕਸ: (604) 660-9498

*ਵੈਨਕੂਵਰ, ਨੌਰਥ ਸ਼ੋਅਰ, ਰਿਚਮੰਡ, ਡੈਲਟਾ, ਸਨਸ਼ਾਈਨ ਕੋਸਟ*

**ਲੋਅਰ ਮੇਨਲੈਂਡ ਦਾ ਇਲਾਕਾ**
700-808 West Hastings Street
Vancouver, BC V6C 3L3
ਟੈਲੀਫੋਨ: (604) 775-1001
ਫੈਕਸ: (604) 660-9479

*ਬਰਨਬੀ, ਟ੍ਰਾਈ-ਸਿਟੀਜ਼, ਨੌਰਥ ਫਰੇਜ਼ਰ ਅਤੇ ਫਰੇਜ਼ਰ ਵੈਲੀ*

**ਵੈਨਕੂਵਰ ਆਈਲੈਂਡ ਦਾ ਇਲਾਕਾ**
1019 Wharf Street, 4th floor
Victoria, BC V8W 9J2
ਟੈਲੀਫੋਨ: (250) 356-8160
ਫੈਕਸ: (250) 356-7442

*ਵੈਨਕੂਵਰ ਆਈਲੈਂਡ, ਪੌਵਲ ਰਿਵਰ ਅਤੇ ਗਲਫ ਆਈਲੈਂਡਜ਼*

**ਇਨਟੀਰੀਅਰ-ਨੌਰਥ ਦਾ ਇਲਾਕਾ**
1345 St. Paul Street
Kelowna, BC V1Y 2E2
ਟੈਲੀਫੋਨ: (250) 712-7576
ਫੈਕਸ: (250) 712-7578

*ਇਨਟੀਰੀਅਰ ਅਤੇ ਨੌਰਦਰਨ ਬੀਸੀ, ਹੋਪ ਦੇ ਪੂਰਬ ਅਤੇ ਉੱਤਰ ਦਾ ਇਲਾਕਾ*

**ਇਲਾਜ ਦੇ ਫੈਸਲਿਆਂ ਦੀ ਸਰਵਿਸ ਦਾ ਸਮਾਂ**
ਸਵੇਰ ਦੇ 8:00 ਵਜੇ ਤੋਂ ਲੈ ਕੇ ਬਾਅਦ ਦੁਪਹਿਰ ਦੇ 5:00 ਤੱਕ (ਸੋਮਵਾਰ-ਸ਼ੁਕਰਵਾਰ)
8:00-ਦੁਪਹਿਰ ਤੱਕ (ਵੀਕਐਂਡ ਅਤੇ ਛੁੱਟੀਆਂ ਵਾਲੇ ਦਿਨ)
**ਟੋਲ-ਫਰੀ:** 1-877-511-4111
**ਵੈੱਬਸਾਈਟ:** www.trustee.bc.ca
**ਈਮੇਲ:** mail@trustee.bc.ca